# ਦਫਤਰ ਜ਼ਿਲਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

ਵੱਲ

ਸਮੂਹ ਸਕੂਲ ਮੁਖੀ
ਸਸਸਸ/ਸਹਸ/ਸਮਸ ਜ਼ਿਲਾ ਬਠਿੰਡਾ ।

ਪੱਤਰ ਨੰ. ਅ-7/1 ( )2023/ 356
ਮਿਤੀ:- 24/01/2023

**ਵਿਸ਼ਾ:- ਪ੍ਰੀ-ਬੋਰਡ ਦੀ ਪ੍ਰੀਖਿਆ ਸਾਲ 2023 ਸਬੰਧੀ ਹਦਾਇਤਾ ਦੇ ਸਬੰਧ ਵਿੱਚ।**

ਉਪਰੋਕਤ ਵਿਸ਼ੇ ਸਬੰਧੀ ਵੱਖ-ਵੱਖ ਸਕੂਲਾਂ ਵਿੱਚ ਲਈ ਜਾਂਦੀ 8ਵੀਂ ਦਸਵੀਂ ਅਤੇ ਬਾਰਵੀਂ ਪ੍ਰੀ-ਬੋਰਡ. ਦੀ ਪ੍ਰੀਖਿਆ ਵਿੱਚ ਹੇਠ ਲਿਖਿਆਂ ਖਾਮੀਆਂ ਧਿਆਨ ਵਿੱਚ ਆਈਆਂ ਹਨ :-

1. ਬੱਚਿਆਂ ਨੂੰ ਟਾਟ/ਦਰੀ ਉੱਪਰ ਬੈਠਾ ਕੇ ਪ੍ਰੀਖਿਆ ਲਿਆ ਜਾਣਾ
2. ਸੀਟਿੰਗ ਪਲਾਨ ਤਿਆਰ ਨਾਂ ਕਰਨਾ
3. ਪ੍ਰਸ਼ਨ ਪੱਤਰ ਵਟਸਐਪ ਰਾਹੀਂ ਪ੍ਰੀਖਿਆ ਤੋਂ ਪਹਿਲਾ ਹੀ ਲੀਕ ਹੋ ਜਾਣਾ ਆਦਿ ।

ਇਸ ਸਬੰਧੀ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪ੍ਰੀ-ਬੋਰਡ ਦੀ ਪ੍ਰੀਖਿਆ ਲਈ ਪ੍ਰੇਪਰ ਸੀਟਿੰਗ ਪਲਾਨ ਤਿਆਰ ਕੀਤਾ ਜਾਵੇ ਅਤੇ ਸੁਨਿਸ਼ਚਤ ਕੀਤਾ ਜਾਵੇ ਕਿ ਸਾਰੇ ਵਿਦਿਆਰਥੀ ਪ੍ਰੀ-ਬੋਰਡ ਪ੍ਰੀਖਿਆ ਬੈਂਚਾ ਉੱਪਰਂ ਬੈਠ ਕੇ ਹੀ ਦੇਣ ਅਤੇ ਪ੍ਰੀਖਿਆ ਦੌਰਾਨ ਨਕਲ ਦੀ ਸੰਭਾਵਨਾ ਨੂੰ ਰੋਕਣ ਲਈ ਬੋਰਡ ਦੀਆਂ ਪ੍ਰੀਖਿਆਵਾਂ ਵਾਂਗ ਦੋ ਵਿਦਿਆਰਥੀਆਂ ਦੇ ਬੈਠਣ ਵਿੱਚ ਢੁਕਵੀਂ ਦੂਰੀ ਦਾ ਖਿਆਲ ਰੱਖਿਆ ਜਾਵੇ

ਪ੍ਰੀਖਿਆ ਸਬੰਧੀ ਪ੍ਰਸ਼ਨ ਪੱਤਰ ਦੀ ਗੋਪਨੀਅਤਾਂ ਦਾ ਸਕੂਲ ਮੁਖੀ ਅਤੇ ਸਬੰਧਤ ਵਿਸ਼ਾ ਅਧਿਆਪਕਾਂ ਵੱਲੋਂ ਵਿਸ਼ੇਸ਼ ਧਿਆਨ ਰੱਖਿਆ ਜਾਵੇ ਅਤੇ ਕਿਸੇ ਵੀ ਵਿਸ਼ੇ ਦਾ ਪ੍ਰਸ਼ਨ ਪੱਤਰ ਵਟਸਐਪ ਰਾਹੀਂ ਦੂਜੇ ਅਧਿਆਪਕਾਂ ਨਾਲ ਸ਼ੇਅਰ ਨਾਂ ਕੀਤਾ ਜਾਵੇ ।

ਜੇਕਰ ਉਪਰੋਕਤ ਹਦਾਇਤਾਂ ਸਬੰਧੀ ਕਿਸੇ ਸਕੂਲ ਵਿੱਚ ਕੋਈ ਕੁਤਾਹੀ ਪਾਈ ਜਾਂਦੀ ਹੈ ਜਾਂ ਪੇਪਰ ਲੀਕ ਹੁੰਦਾ ਹੈ ਤਾਂ ਸਬੰਧਿਤ ਖਿਲਾਫ ਬਣਦੀ ਵਿਭਾਗੀ ਕਾਰਵਾਈ ਕੀਤੀ ਜਾਵੇਗੀ । ਇਸ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

24/1/23

ਜ਼ਿਲਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ